## ਤੁਹਾਡੀ ਸਿਹਤ ਜਾਣਕਾਰੀ ਦੀ ਸੁਰੱਖਿਆ

ਤੁਹਾਡੀ ਸਿਹਤ ਸੰਬੰਧਤ ਹਰੇਕ ਫਾਰਮੈਟ ਦੀ ਜਾਣਕਾਰੀ ਨੂੰ ਸੁਰੱਖਿਅਤ ਰੱਖਣ ਲਈ ਅਸੀਂ ਸਰਕਾਰ ਦੇ ਬਹੁਤ ਸਖਤ ਨਿਯਮਾ ਅਨੁਸਾਰ ਚਲਦੇ ਹਾਂ। ਤੁਹਾਡੀ ਜਾਣਕਾਰੀ ਨੂੰ ਅਣ-ਅਧਿਕਾਰਿਤ ਪਹੁੰਚ, ਨੁਕਸਾਨ ਜਾਂ ਦੁਰਵਰਤੋਂ ਤੋਂ ਬਚਤਉਣ ਲਈ ਅਸੀ ਨਿਯਮਕ ਤੌਰ 'ਤੇ ਸਾਡੇ ਆਡਿਟ ਸਿਸਟਮਾਂ ਨੂੰ ਨਵਿਆਂਉਂਦੇ ਰਹਿੰਦੇ ਹਾਂ।

NSW ਜਨਤਕ ਸਿਹਤ ਸੇਵਾਵਾਂ ਸਿਹਤ ਸਬੰਧੀ ਜਾਣਕਾਰੀ ਨੂੰ ਸਥਾਨਕ ਇਲੈਕਟਰੌਨਿੱਕ ਮੈਡੀਕਲ ਰਕਾਡ ਸਿਸਟਮਜ਼ (local electronic medical record systems) ਅਤੇ NSW HealtheNet ਵਿੱਚ ਪੇਪਰ ਰਕਾਡਾਂ 'ਤੇ ਰੱਖਦੀ ਹੈ।

HealtheNet ਇੱਕ ਰਾਜ-ਪੱਧਰ ਸੁਰੱਖਿਅਤ ਇਲਕਟ੍ਰੌਨਿੱਕ ਰਕਾਡ ਹੈ ਜਿਹੜਾ NSW ਜਨਤਕ ਸਿਹਤ ਸੇਵਾ (NSW public health) ਵਲੋਂ ਵਰਤਿਆ ਜਾਂਦਾ ਹੈ। HealtheNet ਵਿੱਚ ਤੁਹਾਡੀ ਸਿਹਤ ਸੰਬੰਧਤ ਜਾਣਕਾਰੀ ਦਾ ਸਾਰ ਹੁੰਦਾ ਹੈ, ਮਿਸਾਲ ਵਜੋਂ, ਤੁਹਾਡੀ ਡਿਸਚਾਰਜ ਸੰਬੰਧਤ ਸਾਰ, ਪੈਥੌਲਜੀ ਅਤੇ ਡਾਇਗਨੌਸਟਿੱਕ ਟੈਸਟ ਦੇ ਨਤੀਜੇ ਅਤੇ ਦਵਾਈਆਂ ਬਾਰੇ ਜਾਣਕਾਰੀ।

ਜੇ ਤੁਸੀਂ NSW ਦੀ ਕਿਸੇ ਜਨਤਕ ਸਿਹਤ ਸੇਵਾ ਵਿੱਚ ਜਾਂਦੇ ਹੋ, ਤਾਂ ਆਮ ਤੌਰ 'ਤੇ ਇਹ ਸੰਖੇਪ ਜਾਣਕਾਰੀ ਤੁਹਾਡਾ ਇਲਾਜ ਕਰਨ ਵਾਲੇ ਕਲਿਨਕਲ ਸਟਾਫ ਨੂੰ HealtheNet ਦੁਆਰਾ ਮਿਲ ਸਕਦੀ ਹੈ।

## My Health Record (ਮਾਈ ਹੈਲਥ ਰਕਾਡ)

My Health record ਆਸਟਰੇਲੀਆ ਦਾ ਨੈਸ਼ਨਲ ਡਿਜੀਟਲ ਹੈਲਥ ਰਕਾਡ ਸਿਸਟਮ ਹੈ। ਸਾਰੇ ਆਸਟਰੇਲੀਅਨ ਵਿਅਕਤੀਆਂ ਕੋਲ My Health Record ਹੈ, ਬਸ਼ਰਤੇ ਕਿ ਤੁਸੀਂ ਇਸ ਨੂੰ ਨਾ ਲੈਣ ਦੀ ਚੋਣ ਕੀਤੀ ਹੋਵੇ।

ਜੇਕਰ ਤੁਸੀਂ NSW ਦੇ ਜਨਤਕ ਸਿਹਤ ਸੇਵਾ ਕੋਲ ਗਏ ਹੋ, ਤਾਂ ਤੁਹਾਡੀ ਸਿਹਤ ਦਾ ਸਾਰ My Health Record ਨੂੰ ਭੇਜਿਆ ਗਿਆ ਹੋਵੇਗਾ। NSW ਦੇ ਜਨਤਕ ਸਿਹਤ ਸੇਵਾ ਕਰਮਚਾਰੀ ਵੀ ਤੁਹਾਡੇ My Health Record ਨੂੰ ਵੇਖ ਸਕਦੇ ਹਨ ਅਤੇ ਇਸ ਵਿੱਚ ਜਾਣਕਾਰੀ ਸ਼ਾਮਲ ਕਰ ਸਕਦੇ ਹਨ।

ਜੇ ਤੁਹਾਡੇ ਕੋਲ My Health Record ਹੈ, ਪਰ ਤੁਸੀਂ ਇਸ ਵਿੱਚ ਕਿਸੇ ਡਾਕਟਰ ਨਾਲ ਹੋਈ ਮੁਲਾਕਾਤ ਜਾਂ ਹਸਪਤਾਲ ਦੇ ਦੌਰੇ ਸੰਬੰਧਤ ਰਪੋਟ My Health Record ਵਿੱਚ ਨਹੀਂ ਸ਼ਾਮਲ ਕਰਨੀ ਚਾਹੁੰਦੇ, ਤਾਂ ਤੁਹਾਨੂੰ ਇਹ ਇੱਛਾ ਮੁਲਾਕਾਤ ਸ਼ੁਰੂ ਹੋਣ ਤੋਂ ਪਹਿਲਾਂ ਹੀ ਸਿਹਤ ਸੇਵਾ ਪ੍ਰਦਾਨ ਕਰਨ ਵਾਲੇ ਨੂੰ ਦੱਸ ਦੇਣੀ ਚਾਹੀਦੀ ਹੈ।

My Health Record ਬਾਰੇ ਵਧੇਰੇ ਜਾਣਕਾਰੀ ਲਈ 1800 723 471 'ਤੇ ਟੈਲੀਫੋਨ ਕਰੋ ਜਾਂ ਇਥੇ ਜਾਓ: www.myhealthrecord.gov.au

NSW GOVERNMENT | Health

## ਸਾਡੇ ਨਾਲ ਸੰਪਰਕ ਕਰੋ

ਜੇਕਰ ਆਪਣੀ ਨਿਜੀ ਜਾਣਕਾਰੀ ਦੀ ਗੁਪਤਤਾ ਬਾਰੇ ਤੁਹਾਡੇ ਕੋਈ ਸਵਾਲ ਹਨ ਜਾਂ ਕੋਈ ਸ਼ਿਕਾਇਤ ਹੈ, ਤਾਂ ਕਿਰਪਾ ਕਰਕੇ NSW ਸਿਹਤ ਸੇਵਾ ਏਜੰਸੀ ਜਿਥੇ ਤੁਹਾਡੀ ਸਿਹਤ ਜਾਣਕਾਰੀ ਹੈ ਦੇ Privacy Contact Officer (ਗੁਪਤਤਾ ਸੰਪਰਕ ਅਧਿਕਾਰੀ) ਨਾਲ ਸੰਪਰਕ ਕਰੋ

Privacy Contact Officer ਦੇ ਵੇਰਵਿਆਂ ਲਈ, ਇਥੇ ਜਾਓ: www.health.nsw.gov.au/patients/privacy/Pages/privacy-contact.aspx

## ਅਨੁਵਾਦ ਅਤੇ ਦੁਭਾਸ਼ੀਆ ਸੇਵਾ

ਜੇਕਰ ਤੁਹਾਨੂੰ ਉਪਰੋਕਤ ਸੇਵਾਵਾਂ ਨਾਲ ਸੰਪਰਕ ਕਰਨ ਵਿੱਚ ਮਦਦ ਦੀ ਲੋੜ ਹੈ ਜਾਂ ਤੁਹਾਨੂੰ ਅਨੁਵਾਦ ਦੀ ਲੋੜ ਹੈ, ਤਾਂ ਕਿਰਪਾ ਕਰਕੇ ਅਨੁਵਾਦ ਅਤੇ ਦੁਭਾਸ਼ੀਆ ਸੇਵਾ (TIS) ਨਾਲ 13 14 50 'ਤੇ ਸੰਪਰਕ ਕਰੋ।

ਦੂਜੀਆਂ ਭਾਸ਼ਾਵਾਂ ਵਿੱਚ ਇਸ ਲੀਫਲੈਟ ਨੂੰ ਪ੍ਰਾਪਤ ਕਰਨ ਲਈ, Multicultural Health Communication Service ਨੂੰ ਇਥੇ ਵੇਖੋ: www.mhcs.health.nsw.gov.au

**Punjabi**

# Privacy Leaflet for Patients

**How we protect your health information**

# ਮਰੀਜ਼ਾਂ ਲਈ ਗੁਪਤਤਾ ਲੀਫਲੈਟ

## ਅਸੀਂ ਤੁਹਾਡੀ ਸਿਹਤ ਜਾਣਕਾਰੀ ਦੀ ਰੱਖਿਆ ਕਿਵੇਂ ਕਰਦੇ ਹਾਂ

NSW GOVERNMENT | Health

## ਤੁਹਾਡੀ ਸਿਹਤ ਜਾਣਕਾਰੀ ਇਕੱਠੀ ਕਰਨੀ

ਤੁਹਾਡਾ ਠੀਕ ਇਲਾਜ ਕਰਨ ਲਈ, ਅਸੀਂ ਤੁਹਾਡੇ ਬਾਰੇ ਕਈ ਤਰ੍ਹਾਂ ਦੀ ਸਿਹਤ ਜਾਣਕਾਰੀ ਇਕੱਠੀ ਕਰ ਸਕਦੇ ਹਾਂ। ਇਸ ਵਿੱਚ ਤੁਹਾਡੀ ਸਿਹਤ ਸਬੰਧੀ, ਤੁਹਾਡੀ ਪੈਥੋਲਜੀ ਅਤੇ ਡਾਇਗਨੌਸਟਿੱਕ ਟੈਸਟ ਦੇ ਨਤੀਜਿਆਂ, ਐਕਸ-ਰੇ ਅਤੇ ਹੋਰ ਇਮੇਜਿੰਗ, ਅਤੇ ਤੁਹਾਡੀਆਂ ਦਵਾਈਆਂ ਬਾਰੇ ਜਾਣਕਾਰੀ ਹੋ ਸਕਦੀ ਹੈ।

ਜਿਥੇ ਸੰਭਵ ਹੋ ਸੱਕੇ ਅਸੀਂ ਜਾਣਕਾਰੀ ਸਿੱਧੀ ਤੁਹਾਡੇ ਕੋਲੋਂ ਪ੍ਰਾਪਤ ਕਰਦੇ ਹਾ। ਜੇਕਰ ਅਜਿਹਾ ਕਰਨਾ ਸੰਭਵ ਨਾ ਹੋਵੇ, ਜਾਂ ਕਿਸੇ ਸੰਕਟ ਸਮੇਂ, ਅਸੀਂ ਤੁਹਾਡੇ ਪਹਿਲੇ ਸਿਹਤ ਰਕਾਡਾਂ ਤੋਂ ਜਾਣਕਾਰੀ ਲੈ ਸਕਦੇ ਹਾਂ, ਹੋਰਨਾ ਸਿਹਤ ਸੰਭਾਲ ਪ੍ਰਦਾਤਿਆਂ ਕੋਲੋਂ ਅਤੇ ਤੁਹਾਡੇ My Health Record (ਮਾਈ ਹੈਲਥ ਰਿਕਾਡ)।

ਸਾਨੂੰ ਜਾਣਕਾਰੀ ਕਿਸੇ ਪਰਿਵਾਰ ਦੇ ਮੈਂਬਰ, ਦੋਸਤ, ਦੇਖਭਾਲਕਰਤਾ ਜਾਂ ਕਿਸੇ ਹੋਰ ਵਿਅਕਤੀ ਕੋਲੋਂ ਜਿਵੇਂ ਕਿ ਇੱਕ ਦੁਭਾਸ਼ੀਏ ਕੋਲੋਂ ਜਿਹੜਾ ਕਿ ਤੁਹਾਨੂੰ ਉਚਿਤ ਸਿਹਤ ਦੇਖਭਾਲ ਪ੍ਰਦਾਨ ਕਰਨ ਵਿੱਚ ਸਾਡੀ ਮਦਦ ਕਰ ਸਕਦਾ ਹੋਵੇ।

## ਜਾਣਕਾਰੀ ਦਾ ਇਸਤੇਮਾਲ ਜਾਂ ਇਸਦਾ ਖੁਲਾਸਾ

ਤੁਹਾਡੀ ਸਿਹਤ ਜਾਣਕਾਰੀ NSW ਦੀ ਜਨਤਕ ਸਿਹਤ ਸੇਵਾ  ਵਲੋਂ ਵੀ ਵਰਤੀ ਜਾ ਸਕਦੀ ਹੈ, ਜਾਂ ਇਸਦਾ ਖੁਲਾਸਾ ਸਿਹਤ ਸੇਵਾ ਦੇ ਬਾਹਰ ਕਿਸੇ ਨੂੰ ਕੀਤਾ ਜਾ ਸਕਦਾ ਹੈ ਤਾਂ  ਜੋ ਤੁਹਾਨੂੰ ਉਚਿਤ ਦੇਖਭਾਲ ਅਤੇ ਇਲਾਜ ਪ੍ਰਦਾਨ ਕੀਤਾ ਜਾ ਸੱਕੇ।

ਉਦਾਹਰਨ ਵਜੋਂ, ਤੁਹਾਡੀ ਜਾਣਕਾਰੀ ਦਾ ਇਸਤੇਮਾਲ ਜਾਂ ਖੁਲਾਸਾ ਹੇਠ ਲਿਖੇ ਅਨੁਸਾਰ ਕੀਤਾ ਜਾ ਸਕਦਾ ਹੈ:

- ਹੋਰਨਾ ਸਿਹਤ ਸੇਵਾਵਾਂ, ਹਸਪਤਾਲਾਂ ਜਾਂ ਮੈਡੀਕਲ ਮਾਹਿਰਾਂ ਨੂੰ ਜੋ ਤੁਹਾਡੀ ਦੇਖਭਾਲ ਕਰਨ ਵਿੱਚ ਸ਼ਾਮਲ ਹਨ।
- ਤੁਹਾਡੇ ਵਲੋਂ ਨਾਮਜ਼ਦ ਕੀਤੇ ਜੀ ਪੀ, ਜਿਸ ਵਿੱਚ ਤੁਹਾਡੇ ਡਿਸਚਾਰਜ ਰੀਫਰਲ ਦਸਤਾਵੇਜ਼ਾਂ ਨਾਲ ਪ੍ਰਦਾਨ ਕੀਤੀ  ਜਾਣਕਾਰੀ ਸ਼ਾਮਲ ਹੈ।
- NSW ਦੀ ਐਂਬੂਲੈਂਸ ਸੇਵਾ ਨੂੰ।
- My Health Record (ਮਾਈ ਹੈਲਥ ਰਿਕਾਡ) ਨੂੰ।
- ਅਗਲੀਆਂ ਅਪਾਇਮਟਮੈਂਟਾਂ ਲਈ ਤੁਹਾਡੇ ਨਾਲ ਘਰ ਵਿੱਚ ਸੰਪਰਕ ਕਰਨ ਲਈ।
- ਤੁਹਾਡੇ ਦੇਖਭਾਲਕਰਤਾ ਨੂੰ ਤਾਂ ਜੋ ਤੁਹਾਡੀ ਦੇਖਭਾਲ ਕਰਨ ਲਈ ਉਨ੍ਹਾਂ ਨਾਲ ਸੰਪਰਕ ਕੀਤਾ ਜਾ ਸੱਕੇ।
- ਤੁਹਾਡੇ ਨਾਲ ਸੰਪਰਕ ਕਰਨ ਲਈ ਤਾਂ ਜੋ ਸਾਡੇ ਵਲੋਂ ਮਿਲੀਆਂ ਸੇਵਾਵਾਂ ਬਾਰੇ ਪ੍ਰਤੀਕ੍ਰਿਆ ਲਈ ਜਾਵੇ।
- ਆਤਮਕ ਅਤੇ ਪੈਸਟੋਰਲ ਦੇਖਭਾਲ ਪ੍ਰਦਾਨ ਕਰਨ ਵਾਲੇ ਪੈਸਟੋਰਲ ਦੇਖਭਾਲ ਕਰਮਚਾਰੀਆਂ ਨੂੰ, ਜਿਨ੍ਹਾਂ ਵਿੱਚ ਹਸਪਤਾਲ ਦੇ ਚੈਪਲਨ (ਪਾਦਰੀ) ਸ਼ਾਮਲ ਹਨ।
- ਟ੍ਰੇਨਿੰਗ ਦੇ ਉਦੇਸ਼ਾਂ ਲਈ ਵਿਦਿਆਰਥੀਆਂ ਅਤੇ ਹੋਰ ਕਰਮਚਾਰੀਆਂ ਨੂੰ।
- ਦੂਜੀਆਂ ਸਿਹਤ ਸੇਵਾਵਾਂ ਅਤੇ ਅਧਿਕਾਰ-ਪ੍ਰਾਪਤ ਤੀਜੀਆਂ ਪਾਰਟੀਆਂ ਨੂੰ ਤਾਂ ਜੋ ਕਿਸੇ ਦੀ ਜ਼ਿੰਦਗੀ, ਸਿਹਤ ਜਾਂ ਕਲਿਆਣ  'ਤੇ ਕਿਸੇ ਗੰਭੀਰ ਖਤਰੇ ਨੂੰ ਰੋਕਣ ਵਿੱਚ ਮਦਦ ਕੀਤੀ ਜਾ ਸੱਕੇ, ਜਿਵੇਂ ਕਿ ਸੰਕਟ ਦੀ ਸਥਿਤੀ ਵਿੱਚ।
- ਅੰਗ ਜਾਂ ਊਤਕ (ਟਿਸ਼ੂ) ਦਾਨ ਦੇ ਕਾਰਨਾ ਲਈ। ਇਸ ਵਿੱਚ ਘਰ ਵਾਲਿਆਂ ਦੇ ਸੰਪਰਕ ਵੇਰਵੇ ਵੀ ਹੋ ਸਕਦੇ ਹਨ।
- ਕਾਰਵਾਈਆਂ ਅਤੇ ਮੈਨੇਜਮੈਂਟ ਪ੍ਰਕਿਰਿਆਵਾਂ, ਜਿਨ੍ਹਾਂ ਵਿੱਚ ਸ਼ਾਮਲ ਹਨ ਮਾਇਕ ਸਹਾਇਤਾ, ਪਲਾਨਿੰਗ, ਸੁਰੱਖਿਆ ਅਤੇ ਚੰਗਾ ਸੁਧਾਰ (quality improvement)।
- ਕਿਸੇ ਸ਼ਿਕਾਇਤ ਜਾਂ ਘਟਨਾ ਬਾਰੇ ਪਤਾ ਕਰਨ ਲਈ।
- ਕਿਸੇ ਮਰੀਜ਼ ਵਲੋਂ ਸਿਹਤ ਸੇਵਾ ਦੇ ਵਿਰੁਧ ਕਿਸੇ ਸ਼ਿਕਾਇਤ ਜਾਂ ਦਾਅਵੇ ਨਾਲ ਨਜਿੱਠਣ ਲਈ।

**ਜੇਕਰ ਤੁਸੀਂ ਚਾਹੁੰਦੇ ਹੋ ਕਿ ਅਸੀਂ ਤੁਹਾਡੇ ਨਾਲ ਸੰਬੰਧਤ ਕਿਸੇ ਖਾਸ ਜਾਣਕਾਰੀ ਨੂੰ ਇਕੱਠਾ ਨਾ ਕਰੀਏ,  ਇਸ ਦਾ ਇਸਤੇਮਾਲ ਜਾਂ ਖੁਲਾਸਾ ਨਾ ਕਰੀਏ, ਤਾਂ ਤੇਹਾਡੇ ਲਈ ਇਹ ਜ਼ਰੂਰੀ ਹੈ ਕਿ ਤੁਸੀਂ ਸਾਨੂੰ ਇਹ ਦੱਸੋ ਅਤੇ ਅਸੀਂ ਤੁਹਾਡੇ ਨਾਲ ਇਸ ਤੋਂ ਤੁਹਾਡੀ ਸਿਹਤ ਦੇਖਭਾਲ 'ਤੇ ਹੋ ਸੱਕਣ ਵਾਲੇ ਪਰਿਣਾਮਾਂ ਦੀ ਚਰਚਾ ਕਰਾਂਗੇ।**

ਕਾਨੂੰਨ ਤੁਹਾਡੀ ਨਿੱਜੀ ਜਾਣਕਾਰੀ ਦਾ ਖੁਲਾਸਾ ਕਿਸੇ ਤੀਜੀ ਧਿਰ ਨੂੰ ਦੇਣ ਦਾ ਅਧਿਕਾਰ ਦਿੰਦਾ ਹੈ, ਉਦਾਹਰਣ ਵਜੋਂ:

- ਰਾਜ ਅਤੇ ਕਾਮਨਵੈਲਥ ਸਰਕਾਰ ਦੀਆਂ ਏਜੰਸੀਆਂ ਕਾਨੂੰਨੀ ਰਪੋਟਾਂ ਦੇਣ ਲਈ ਜਿਵੇਂ ਕਿ ਛੂਤ ਵਾਲੇ ਰੋਗਾਂ 'ਤੇ ਰਪੋਟ ਕਰਨਾ, ਕੈਨਸਰ ਅਤੇ ਹੋਰ ਗੰਭੀਰ ਰੋਗ, ਜਨਮ ਅਤੇ ਮੌਤਾਂ ਦੀ ਸੂਚਨਾ ਦੇਣ ਲਈ, ਅਤੇ ਮੈਡੀਕੇਅਰ ਵੇਰਵੇ ਪ੍ਰਦਾਨ ਕਰਨ ਲਈ।
- ਮਨੁਖੀ ਖੋਜ ਸਦਾਚਾਰ ਕਮੇਟੀ (Human Research Ethics Committee) ਦੁਆਰਾ ਮਨਜ਼ੂਰ ਜਨਤਕ ਸਿਹਤ ਹਿੱਤ ਦੇ ਖੋਜ ਪ੍ਰਾਜੈਕਟਾਂ ਲਈ ਖੋਜਕਾਰਾਂ ਨੂੰ।
- ਹੋਰਨਾਂ ਸਿਹਤ ਸੇਵਾਵਾਂ ਜਾਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਜਿਵੇਂ ਕਿ ਪੁਲੀਸ, ਜਦੋਂ ਤੁਸੀਂ ਕਿਸੇ ਗੰਭੀਰ ਅਪਰਾਧ ਨਾਲ ਸੰਬੰਧਤ ਜਾਣਕਾਰੀ ਸਾਨੂੰ ਪ੍ਰਦਾਨ ਕਰਦੇ ਹੋ, ਜਿਸ ਵਿੱਚ ਗੰਭੀਰ ਹਮਲੇ, ਘਰੇਲੂ ਹਿੰਸਾ ਜਾਂ ਬੱਚਿਆਂ ਨਾਲ ਬਦਸਲੂਕੀ ਸ਼ਾਮਲ ਹਨ।
- ਹੋਰਨਾਂ ਏਜੰਸੀਆਂ ਨੂੰ ਜਿਥੇ ਜਾਣਕਾਰੀ ਕਿਸੇ ਬੱਚੇ ਜਾਂ ਨੌਜਵਾਨ ਦੀ ਸੁਰੱਖਿਆ, ਕਲਿਆਣ ਜਾਂ ਹਿੱਤ ਨਾਲ ਸੰਬੰਧਤ ਹੁੰਦੀ ਹੈ।
- ਜੇਕਰ ਅਦਾਲਤ ਵਿੱਚ ਸਬੂਤ ਦੇ ਤੌਰ 'ਤੇ ਤੁਹਾਡੀ ਨਿੱਜੀ ਜਾਣਕਾਰੀ ਦੀ ਲੋੜ ਹੋਵੇ ਤਾਂ ਸਬਪੀਨਾ ਜਾਂ ਸਰਚ ਵਾਰੰਟ ਦੀ ਪਾਲਣਾਂ ਕਰਨ ਲਈ।

## National Disability Insurance Scheme (NDIS) ਰਾਸ਼ਟਰੀ ਅਯੋਗਤਾ ਬੀਮਾ ਸਕੀਮ

ਜੇ ਤੁਸੀਂ, ਜਾਂ ਤੁਹਾਡਾ ਕੋਈ ਨੁਮਾਇੰਦਾ, ਸਾਨੂੰ NDIS ਯੋਜਨਾ ਦੀ ਕਾਪੀ ਜਾਂ NDIS ਦੇ ਦਸਤਾਵੇਜ਼ ਪ੍ਰਦਾਨ ਕਰਦਾ ਹੇ, ਅਸੀਂ ਇਨ੍ਹਾਂ ਵਿੱਚਲੀ ਜਾਣਕਾਰੀ ਦੀ ਵਰਤੋਂ ਜਾਂ ਖੁਲਾਸਾ ਤੁਹਾਡੀ ਸਿਹਤ ਦੇਖਭਾਲ ਅਤੇ ਸੋਸ਼ਲ ਸੇਵਾਵਾਂ ਕੋਲ ਕਰ ਸਕਦੇ ਹਾਂ। ਇਸ ਵਿੱਚ ਹੋਰਨਾਂ ਸਰਕਾਰੀ ਏਜੰਸੀਆਂ, ਪ੍ਰਾਈਵੇਟ ਸੈਕਟਰ ਜਾਂ ਗੈਰ-ਸਰਕਾਰੀ ਸੰਗਠਨ ਸ਼ਾਮਲ ਹੋ ਸਕਦੇ ਹਨ ਜਿਨ੍ਹਾਂ ਨਾਲ  ਜਾਣਕਾਰੀ ਸਾਂਝੀ ਕਰਨੀ ਹੋ ਸਕਦੀ ਹੈ ਤਾਂ ਜੋ ਉਹ ਤੁਹਾਡੀਆਂ ਲੋੜੀਂਦੀਆਂ ਸਿਹਤ ਸਬੰਧੀ ਅਤੇ ਗੈਰ- ਸਿਹਤ ਸਬੰਧੀ ਸੇਵਾਵਾਂ ਪੂਰੀਆਂ ਕਰ ਸੱਕਣ।

## ਤੁਹਾਡੀ ਜਾਣਕਾਰੀ ਤੱਕ ਪਹੁੰਚ

ਸਾਡੇ ਕੋਲ ਤੁਹਾਡੀ ਸਿਹਤ ਸਬੰਧੀ ਜਾਣਕਾਰੀ ਦੀ ਪਹੁੰਚ ਕਰਨ ਦੇ ਤੁਸੀਂ ਹੱਕਦਾਰ ਹੋ। ਆਮ ਤੌਰ 'ਤੇ ਤੁਹਾਨੂੰ ਇਹ ਪਹੁੰਚ ਪ੍ਰਾਪਤ ਕਰਨ ਲਈ ਲਿਖਤੀ ਤੌਰ 'ਤੇ ਅਰਜੀ ਕਰਨ ਅਤੇ ਪਹਿਚਾਣ ਪ੍ਰਦਾਨ ਕਰਨ ਲਈ ਕਿਹਾ ਜਾਵੇਗਾ। ਜੇਕਰ ਤੁਸੀਂ ਆਪਣੀ ਨਿੱਜੀ ਜਾਣਕਾਰੀ ਜਾਂ ਸਿਹਤ ਰਕਾਡ ਦੀਆਂ ਕਾਪੀਆਂ ਦੀ ਮੰਗ ਕਰੋਗੇ ਤਾਂ ਤੁਹਾਡੇ ਕੋਲੋਂ ਫੀਸ ਲਈ ਜਾਵੇਗੀ। ਅਸੀਂ ਤੁਹਾਡੀ ਜਾਣਕਾਰੀ ਦੀ ਮੰਗ ਦਾ ਜਵਾਬ ਜਿੰਨੀ ਵੀ ਛੇਤੀ ਸੰਭਵ ਹੋ ਸੱਕੇ ਦੇਣ ਦੀ ਕੋਸ਼ਿਸ਼ ਕਰਦੇ ਹਾਂ, ਅਤੇ ਜ਼ਿਆਦਾਤਾਰ ਮਾਮਲਿਆਂ ਵਿੱਚ ਇਹ 28 ਦਿਨਾਂ ਦੇ ਅੰਦਰ ਅੰਦਰ ਦਿੱਤਾ ਜਾਂਦਾ ਹੈ।

ਕੁੱਝ ਖਾਸ ਪ੍ਰਿਸਥਿਤੀਆਂ ਵਿੱਚ ਤੁਹਾਡੀ ਜਾਣਕਾਰੀ ਤੱਕ ਪਹੁੰਚ  ਨੂੰ ਨਾਮੰਜ਼ੂਰ ਕੀਤਾ ਜਾ ਸਕਦਾ ਹੈ, ਜਿਵੇਂ ਕਿ ਪਹੁੰਚ ਪ੍ਰਦਾਨ ਕਰਨ ਕਰਕੇ ਤੁਹਾਨੂੰ ਜਾਂ ਕਿਸੇ ਹੋਰ ਵਿਅਕਤੀ ਨੂੰ ਮਾਨਸਿਕ ਜਾਂ ਸਰੀਰਕ ਨੁਕਸਾਨ ਦਾ ਖਤਰਾ ਹੋਵੇ।

ਜੇਕਰ ਤੁਹਾਨੂੰ ਲਗਦਾ ਹੈ ਕਿ ਤੁਹਾਡੇ ਬਾਰੇ ਸਾਡੇ ਕੋਲ ਮੌਜੂਦ ਜਾਣਕਾਰੀ ਸਹੀ ਨਹੀਂ ਹੈ ਜਾਂ ਇਸ ਵਿੱਚ ਕੋਈ ਗਲਤੀ ਹੋਈ ਹੈ, ਤਾਂ ਕਿਰਪਾ ਕਰਕੇ ਸਾਨੂੰ ਦੱਸੋ ਅਤੇ ਸ਼ੀ ਇਸ ਦੀ ਸੋਧ ਕਰਾਂਗੇ ਜਾਂ ਤੁਹਾਡੇ ਸਿਹਤ ਰਕਾਡ ਵਿੱਚ ਟਿੱਪਣੀ (ਨੋਟੇਸ਼ਨ) ਸ਼ਾਮਲ ਕਰਾਂਗੇ।

ਆਪਣੇ ਸਿਹਤ ਰਕਾਡ ਤੱਕ ਪਹੁੰਚ ਪ੍ਰਾਪਤ ਕਰਨ ਦੀਆਂ ਅਰਜੀਆਂ Medical Records Department ਜਾਂ ਉਸ ਸਿਹਤ ਸੇਵਾ ਕੇਂਦਰ ਦੇ ਮੈਨੇਜਰ ਨੂੰ ਸੰਬੋਧਿਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਜਿਥੇ ਤੁਸੀਂ ਭਾਗ ਲਿਆ ਸੀ।